ਜਵਾਹਰ ਨਵੋਦਿਆ ਵਿਦਿਆਲਿਆ, ਫਰੌਰ

ਜ਼ਿਲ੍ਹਾ ਫਤਿਹਗੜ੍ਹ ਸਾਹਿਬ (ਪੰਜਾਬ)

ਦਾਖਲਾ ਪ੍ਰੀਖਿਆ-2017-18

**ਨਵੋਦਿਆ ਵਿਦਿਆਲਿਆ ਯੋਜਨਾ:-**

ਰਾਸ਼ਟਰੀ ਸਿੱਖਿਆ ਨੀਤੀ 1986 ਦੇ ਅਨੁਸਾਰ ਭਾਰਤ ਸਰਕਾਰ ਨੇ ਸਹਿ- ਸਿੱਖਿਆ ਵਾਲੇ ਰਿਹਾਇਸ਼ੀ ਵਿਦਿਆਲਿਆ ਖੋਲੇ ਹਨ।ਜ਼ਿਲਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਫਰੌਰ, ਤਹਿਸੀਲ ਖਮਾਣੋਂ ਵਿੱਚ ਕੇਂਦਰ ਸਰਕਾਰ ਵਲੋਂ ਚਲਾਇਆ ਜਾ ਰਿਹਾ ਜਵਾਹਰ ਨਵੋਦਿਆ ਵਿਦਿਆਲਿਆ ਛੇਵੀਂ ਜਮਾਤ ਤੋਂ ਬਾਰਵ੍ਹੀ ਜਮਾਤ ਤੱਕ ਦਾ ਰਿਹਾਇਸ਼ੀ ਸਕੂਲ ਹੈ। ਜਿਸ ਵਿਚ ਸਿੱਖਿਆ, ਖਾਣਾ ਤੇ ਰਿਹਾਇਸ਼, ਕਿਤਾਬਾਂ- ਕਾਪੀਆਂ, ਵਰਦੀ ਅਤੇ ਰੋਜ਼ਾਨਾ ਵਰਤੋਂ ਦਾ ਸਮਾਨ ਮੁਫਤ ਉਪਲਬਧ ਕਰਾਇਆ ਜਾਂਦਾ ਹੈ ।ਸਕੂਲ ਦੀ ਇਮਾਰਤ 32 ਏਕੜ ਜਮੀਨ ਵਿਚ ਬਣੀ ਹੋਈ ਹੈ। ਲੜਕੇ ਅਤੇ ਲੜਕੀਆਂ ਲਈ ਅਲੱਗ-ਅਲੱਗ ਹੋਸਟਲ ਹਨ। ਸਕੂਲ ਵਿਚ ਆਰਟਸ ਤੇ ਸਾਇੰਸ ਗਰੁੱਪ ਸੀ.ਬੀ.ਐਸ.ਈ.ਪਾਠ -ਕ੍ਰਮ ਨਾਲ ਪੜਾਏ ਜਾਂਦੇ ਹਨ । ਸਕੂਲ ਵਿੱਚ ਖੁੱਲੇ ਖੇਡ-ਗਰਾਊਂਡ, ਹਵਾਦਾਰ ਕਮਰੇ, ਸਾਇੰਸ ਲੈਬ, ਖੇਡਾਂ, ਕਸਰਤ ਅਤੇ ਯੋਗਾ, ਸੰਗੀਤ, ਕਲਾ, ਐਸ. ਯੂ. ਪੀ. ਡਬਲਿਊ.,ਐਨ.ਸੀ. ਸੀ., ਐਨ. ਐਸ. ਐਸ. ਆਦਿ ਵਿਸ਼ਿਆਂ ਦੀਆਂ ਵਿਸ਼ੇਸ਼ ਸਹੂਲਤਾਂ ਹਨ ।
ਨਵੋਦਿਆ ਦਾ ਰਿਜ਼ਲਟ ਸੀ.ਬੀ.ਐਸ.ਈ. ਵਿੱਚ ਪਹਿਲੇ ਸਥਾਨ ਤੇ ਆਉਂਦਾ ਹੈ।ਵਿਦਿਆਲਿਆ ਵਿਚ ਕੰਪਿਊਟਰ ਦੀ ਸਿੱਖਿਆ ਸਮਾਰਟ ਕਲਾਸ ਰੂਮ ਰਾਹੀਂ ਦਿੱਤੀ ਜਾਂਦੀ ਹੈ । ਨਵੋਦਿਆ ਵਿਦਿਆਲਿਆ ਵਿਚ ਚੋਣ ਪ੍ਰੀਖਿਆ ਦੇ ਆਧਾਰ ਤੇ ਛੇਵੀਂ ਜਮਾਤ ਵਿਚ ਦਾਖ਼ਲਾ ਮਿਲਦਾ ਹੈ ।

**ਦਾਖਲੇ ਲਈ ਯੋਗਤਾਵਾਂ:-**

- ਵਿਦਿਆਰਥੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਕਿਸੇ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਵਿਚ ਹੀ ਪੰਜਵੀਂ ਜਮਾਤ ਵਿਚ ਪੜ੍ਹ ਰਿਹਾ ਹੋਵੇ, ਅਤੇ ਉਸ ਨੇ ਜਮਾਤ ਤੀਜੀ ਅਤੇ ਚੌਥੀ ਕਿਸੇ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਤੋਂ ਲਗਾਤਾਰ ਪਾਸ ਕੀਤੀ ਹੋਵੇ ।
- ਪੇਂਡੂ ਖੇਤਰ ਦਾ ਲਾਭ ਲੈਣ ਲਈ ਵਿਦਿਆਰਥੀ ਦਾ ਲਗਾਤਾਰ ਤੀਜੀ, ਚੌਥੀ ਅਤੇ ਪੰਜਵੀਂ ਜਮਾਤ ਵਿੱਚ ਕਿਸੇ ਪੇਂਡੂ ਖੇਤਰ ਦੇ ਸਕੂਲ ਵਿੱਚ ਪੜਦਾ ਹੋਣਾ ਲਾਜ਼ਮੀ ਹੈ ।
- ਦਾਖ਼ਲਾ ਲੈਣ ਵਾਲੇ ਵਿਦਿਆਰਥੀ ਦਾ ਜਨਮ 1.5.2005 ਤੋਂ ਪਹਿਲਾਂ ਅਤੇ 30.4.2009 ਦੇ ਬਾਅਦ ਨਹੀਂ ਹੋਣਾ ਚਾਹੀਦਾ ।

**ਬਿਨੈ ਪੱਤਰ ਕਿਵੇਂ ਭਰਨਾ ਹੈ:-**

ਯੋਗ ਵਿਦਿਆਰਥੀ ਆਪਣੇ ਪੰਜਵੀਂ ਜਮਾਤ ਵਿੱਚ ਪੜਦੇ ਹੋਣ ਦਾ, ਸਕੂਲ ਮੁਖੀ (ਜਿੱਥੇ ਵਿਦਿਆਰਥੀ ਪੜ੍ਹਦਾ ਹੈ) ਦੁਆਰਾ ਦਸਖ਼ਤ ਅਤੇ ਮੋਹਰ ਲੱਗਿਆ ਦਾਖਲਾ ਫਾਰਮ, ਮਾਤਾ-ਪਿਤਾ ਜਾਂ ਸਰਪਰਸਤ ਦੇ ਨਾਲ ਨਜਦੀਕੀ ਸੁਵਿਧਾ ਕੇਂਦਰ ਵਿੱਚ ਜਾ ਕੇ ਆਨ ਲਾਇਨ ਭਰਵਾ ਸਕਦਾ ਹੈ।।ਦਾਖਲਾ ਫਾਰਮ ਨਵੋਦਿਆ ਵਿਦਿਆਲਿਆ ਫਰੌਰ ਅਤੇ ਨਵੋਦਿਆ ਵਿਦਿਆਲਿਆ ਸਮਿਤੀ ਦੀ ਵੈਬਸਾਈਟ www.nvshq.org ਤੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਆਨ ਲਾਈਨ ਦਾਖਲਾ ਫਾਰਮ ਭਰਨ ਅਤੇ ਅਪਲੋਡ ਕਰਨ ਦੀ ਆਖਰੀ ਮਿਤੀ-25-11-2017 ਹੈ। ਪ੍ਰਵੇਸ਼ ਪ੍ਰੀਖਿਆ 10.02.2018 ਦਿਨ ਸ਼ਨੀਵਾਰ ਨੂੰ ਸਵੇਰੇ 11:30 ਵਜੇ ਹੋਵੇਗੀ ।

ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ :-

98885525532, 8427773486, 9417084112, 9464392894, 9876867687

ਪ੍ਰਿੰਸੀਪਲ,
ਜਵਾਹਰ ਨਵੋਦਿਆ ਵਿਦਿਆਲਿਆ
ਪਿੰਡ ਫਰੌਰ, ਤਹਿਸੀਲ ਖਮਾਣੋ, (ਜ਼ਿਲ੍ਹਾ ਫਤਿਹਗੜ੍ਹ ਸਾਹਿਬ)

Scanned by CamScanner